**EDUCATION CENTRE - AURORA**

60 Wellington Street West
Box 40, Aurora, ON L4G 3H2
**Tel:** 905.727.3141 905.895.7216
905 722.3201 416.969.8131

**Fax:** 905 727.1931
**Website:** www.yrdsb.ca

9 ਸਤੰਬਰ 2015

ਪਿਆਰੇ ਮਾਪੇ ਅਤੇ ਸਰਪ੍ਰਸਤ,

ਫਰਵਰੀ 2015 ਵਿੱਚ, the Ontario Ministry of Education ਨੇ ਸੋਧਿਆ ਹੋਇਆ ਸਿਹਤ ਅਤੇ ਸਰੀਰਕ ਸਿੱਖਿਆ ਦਾ ਸਿਲੇਬਸ ਜਾਰੀ ਕੀਤਾ ਸੀ। ਇਸ ਸਕੂਲ ਵਰ੍ਹੇ ਤੋਂ ਸ਼ੁਰੂ ਹੋ ਕੇ ਸਰਕਾਰ ਦੁਆਰਾ ਫੰਡ ਕੀਤੇ ਸਾਰੇ ਸਕੂਲਾਂ ਲਈ ਇਸ ਸੋਧੇ ਹੋਏ ਸਿਲੇਬਸ ਨੂੰ ਲਾਗੂ ਕਰਨਾ ਲਾਜ਼ਮੀ ਹੈ।

ਫਰਵਰੀ ਤੋਂ ਲੈ ਕੇ, ਮਾਪਿਆਂ ਵੱਲੋਂ ਬੋਰਡ ਅਤੇ ਸਾਡੇ ਸਕੂਲਾਂ ਨੂੰ ਇਸ ਸਿਲੇਬਸ ਬਾਰੇ ਕਈ ਸੁਆਲ ਪੁੱਛੇ ਗਏ ਹਨ। ਸੋਧੇ ਹੋਏ ਸਿਲੇਬਸ ਨੂੰ ਲਾਗੂ ਕਰਨ ਦੀ ਪ੍ਰਕਿਰਿਆ ਬਾਰੇ ਅਸੀਂ Ministry of Education ਨਾਲ ਵੀ ਗੱਲਬਾਤ ਕਰਦੇ ਰਹੇ ਹਾਂ।

ਜਿਵੇਂ ਕਿ ਪਹਿਲਾਂ ਐਲਾਨ ਕੀਤਾ ਗਿਆ ਹੈ, ਸਿਹਤ ਅਤੇ ਸਰੀਰਕ ਸਿੱਖਿਆ ਦਾ ਸਿਲੇਬਸ 2015-2016 ਦੇ ਪੂਰੇ ਸਕੂਲ ਵਰ੍ਹੇ ਦੌਰਾਨ ਪੜ੍ਹਾਇਆ ਜਾਵੇਗਾ। ਲੇਕਿਨ, ਗਰੇਡ 1 – 8 ਤੱਕ ਲਈ , ਇਸ ਸਿਲੇਬਸ ਦੇ ਮਨੁੱਖੀ ਵਿਕਾਸ ਅਤੇ ਲਿੰਗ ਸਿਹਤ ਦੇ ਵਿਸ਼ਿਆ ਨੂੰ ਕਲਾਸਾਂ ਵਿੱਚ 2016 ਦੀ ਬਸੰਤ ਰੁੱਤ ਤੋਂ ਲਾਗੂ ਕੀਤੇ ਜਾਣ ਦੀ ਆਸ ਹੈ। ਇਹ ਸਮਾਂ ਬੋਰਡ ਨੂੰ ਸਿਲੇਬਸ ਲਈ ਮਦਦ ਦੇ ਸ੍ਰੋਤ, ਵਿੱਦਿਅਕ ਅਮਲੇ ਦੇ ਪੇਸ਼ਾਵਰ ਵਿਕਾਸ ਦੇ ਅਵਸਰ, ਅਤੇ ਮਾਪਿਆਂ ਲਈ ਅਤੀਰਿਕਤ ਸ੍ਰੋਤ ਵੰਡਣ ਦੀ ਮੁਹਲਤ ਦੇਵੇਗਾ।

ਵਿੱਦਿਆਰਥੀ ਦੀ ਕਾਮਯਾਬੀ ਅਤੇ ਸਲਾਮਤੀ ਵਿੱਚ ਮਾਪੇ ਅਤੇ ਪਰਿਵਾਰ ਸਾਡੇ ਸੱਭ ਤੋਂ ਅਹਿਮ ਭਾਈਵਾਲ ਹਨ, ਅਤੇ ਇਸ ਲਈ, ਇਸ ਸਾਲ, ਕਲਾਸਾਂ ਵਿੱਚ ਮਨੁੱਖੀ ਵਿਕਾਸ ਅਤੇ ਲਿੰਗੀ ਸਿਹਤ ਦੇ ਵਿਸ਼ੇ ਰਸਮੀ ਰੂਪ ਵਿੱਚ ਲਾਗੂ ਕੀਤੇ ਜਾਣ ਤੋਂ ਪਹਿਲਾਂ ਤੁਹਾਨੂੰ ਜਾਣਕਾਰੀ ਦਿੱਤੀ ਜਾਵੇਗੀ।

ਸਾਡੇ ਅਧਿਆਪਕ ਅਤੇ ਸਕੂਲ ਅਮਲੇ ਦੇ ਮੈਂਬਰ ਹੁਨਰਮੰਦ ਅਤੇ ਪ੍ਰਤੀਬੱਧਤਾ ਵਾਲੇ ਪੇਸ਼ਾਵਰ ਹਨ, ਅਤੇ ਮੈਂ ਤੁਹਾਨੂੰ ਭਰੋਸਾ ਦੁਆ ਸਕਦਾ ਹਾਂ ਕਿ ਇਹ ਅਤੇ ਸਾਰੇ ਸਿਲੇਬਸਾਂ ਦੇ ਹੋਰ ਹਿੱਸੇ ਮੁਨਾਸਿਬ ਉਮਰ ਅਨੁਸਾਰ ਇੱਕ ਸਨੇਹੀ ਅਤੇ ਸੁਰੱਖਿਅਤ ਮਾਹੌਲ ਵਿੱਚ ਪੜ੍ਹਾਏ ਜਾਣਗੇ।
ਵਧੇਰੇ ਜਾਣਕਾਰੀ ਲਈ, ਸਿਹਤ ਅਤੇ ਸਰੀਰਕ ਸਿੱਖਿਆ ਦੇ ਸਿਲੇਬਸ ਅਤੇ ਮਾਪਿਆਂ ਲਈ ਗਾਈਡਾਂ ਵਾਸਤੇ ਜਿਸ ਵਿੱਚ ਅਨੁਵਾਦ ਕੀਤੀ ਸਮੱਗਰੀ ਸ਼ਾਮਲ ਹੈ, ਕ੍ਰਿਪਾ ਕਰਕੇ ਬੋਰਡ ਦੀ ਵੈੱਬਸਾਈਟ www.yrdsb.ca. ਉੱਤੇ ਜਾਵੋ।

ਸ਼ੁਭਚਿੰਤਕ,

J. Philip Parappally
ਸਿੱਖਿਆ ਡਾਇਰੈਕਟਰ
York Region District School Board

Punjabi